28-Oct-Punjab-3Star.qxd 10/28/2025 8:21 PM Page 2

● ਗਊਸ਼ਾਲਾ ਸ਼ੇਰੋਂ ਵਿਖੇ ਸੰਤ ਸਮਾਜ ਦੀ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਸੰਤ ਮਹਾਂਪੁਰਸ਼। ਤਸਵੀਰ : ਵਿਨੋਦ

ਪੰਜਾਬ ਦੇ ਪ੍ਰਮੁੱਖ ਸੰਤ ਸਮਾਜ ਦੀ ਅਹਿਮ ਮੀਟਿੰਗ ਹੋਈ

ਸਾਧੂ ਸਮਾਜ ਦੇ ਮਸਲਿਆਂ ਲਈ ਮੁੱਖ ਮੰਤਰੀ ਤੇ ਰਾਜਪਾਲ ਪੰਜਾਬ ਨੂੰ ਮਿਲੇਗਾ ਸੰਤ ਸਮਾਜ

ਲੌਂਗੋਵਾਲ, 28 ਅਕਤੂਬਰ (ਵਿਨੋਦ ਸ਼ਰਮਾ)-ਪੰਜਾਬ ਦੇ ਪ੍ਰਮੁੱਖ ਸੰਤ ਸਮਾਜ ਦੀ ਅਹਿਮ ਮੀਟਿੰਗ ਸ੍ਰੀ ਚੰਦਰ ਗਊਸ਼ਾਲਾ ਡੇਰਾ ਨਿੰਮ ਵਾਲਾ ਸ਼ੇਰੋਂ ਵਿਖੇ ਪ੍ਰਾਚੀਨ ਉਦਾਸੀਨ ਮਹਾਂ ਮੰਡਲ ਪੰਜਾਬ ਦੇ ਪ੍ਰਧਾਨ ਮਹੰਤ ਦਿਗੰਬਰ ਮੁਨੀ ਅਖਾੜਾ ਸੰਗਲ ਵਾਲਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਗਵਾਈ ਹੇਠ ਹੋਈ। ਜਿਸ ਵਿਚ ਸਮੁੱਚੇ ਪੰਜਾਬ ਤੋਂ ਇਲਾਵਾ ਨੇੜਲੇ ਸੂਬਿਆਂ ਦੇ ਸੰਤ ਮਹਾਂ ਪੁਰਸ਼ਾਂ ਤੇ ਭੇਖ ਭਗਵਾਨ ਦੇ ਸਿਰਮੌਰ ਸਾਧੂ ਮਹਾਤਮਾਵਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਡਾ. ਸਵਾਮੀ ਚੰਦਰ ਮੁਨੀ ਸ਼ੇਰੋਂ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਸਰਬੱਤ ਦੇ ਭਲੇ, ਧਰਮ ਦੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਡੇਰਿਆਂ ਅਤੇ ਧਾਰਮਿਕ ਸਥਾਨਾਂ ਦੀਆਂ ਜਾਇਦਾਦਾਂ 'ਤੇ ਸ਼ਰਾਰਤੀ ਅਨਸਰਾਂ ਵਲੋਂ ਰੱਖੀ ਜਾਂਦੀ ਮਾੜੀ ਨਜ਼ਰ ਸਬੰਧੀ ਤੇ ਹੋਰਨਾਂ ਸਮਾਜਿਕ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿਚ ਸਮਾਜ ਵਿਚ ਨਸ਼ੇ ਦੀ ਅਲਾਮਤ ਵੱਡੀ ਪੱਧਰ 'ਤੇ ਫੈਲ ਗਈ ਹੈ ਅਤੇ ਗਊਆਂ ਦਾ ਵੀ ਵੱਡੀ ਪੱਧਰ ਤੇ ਨਿਰਾਦਰ ਹੋ ਰਿਹਾ। ਇਨ੍ਹਾਂ ਅਲਾਮਤਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਧੂ ਸਮਾਜ ਵਲੋਂ ਧਾਰਮਿਕ ਪ੍ਰਚਾਰ ਪ੍ਰਸਾਰ ਅਤੇ ਲੋੜੀਂਦੇ ਪ੍ਰਬੰਧ ਕਰ ਕੇ ਉਪਰਾਲੇ ਆਰੰਭ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਕੁੱਝ ਥਾਵਾਂ 'ਤੇ ਸ਼ਰਾਰਤੀ ਅਨਸਰਾਂ ਵਲੋਂ ਡੇਰਿਆਂ ਅਤੇ ਧਾਰਮਿਕ ਸਥਾਨਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਡੇਰਿਆਂ ਦੀਆਂ ਜਾਇਦਾਦਾਂ ਨੂੰ ਹੜੱਪ ਕਰਨ ਦੇ ਮਕਸਦ ਨਾਲ ਸਾਧੂ ਸੰਤਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਜਿਹੇ ਨਾਪਾਕ ਅਨਸਰਾਂ ਨੂੰ ਨੱਥ ਪਾਉਣ ਲਈ ਜਲਦ ਹੀ ਸਾਧੂ ਸਮਾਜ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜਪਾਲ ਪੰਜਾਬ ਨੂੰ ਮਿਲ ਕੇ ਜ਼ਮੀਨੀ ਹਕੀਕਤ ਤੋਂ ਜਾਣੂੰ ਕਰਵਾਏਗਾ। ਇਸ ਮੌਕੇ ਸੰਤ ਜਮੁਨਾ ਦਾਸ ਦੁੰਨੇ, ਸੰਤ ਮੱਖਣ ਮੁਨੀ ਡੂੰਮ, ਸੰਤ ਸੇਵਾਦਾਸ ਕੋਟਫੱਤਾ, ਸੰਤ ਆਤਮਾ ਰਾਮ ਪਟਿਆਲਾ, ਸੰਤ ਸ਼ਾਂਤਾ ਨੰਦ ਬੀਰੋ ਕੇ, ਸੰਤ ਰਮੇਸ਼ ਮੁਨੀ ਤਲਵੰਡੀ ਸਾਬੋ, ਸੰਤ ਪਰਮ ਮੁਨੀ ਸਤੌਜ, ਸੰਤ ਜਗਦੀਸ਼ ਗਿਰ ਛਾਹੜ, ਸੰਤ ਪ੍ਰਕਾਸ਼ ਮੁਨੀ ਹਰਿਦੁਆਰ, ਮਹਾਂ ਮੰਡਲੇਸ਼ਵਰ ਸਵਾਮੀ ਜੋਗਿੰਦਰਾ ਨੰਦ ਸੰਘਰੀਆ ਮੰਡੀ, ਸੰਤ ਬਾਲਕ ਨਾਥ ਬੀਰੋ ਕੇ, ਸੰਤ ਬਲਵਿੰਦਰ ਦਾਸ ਮੁੱਲਾਂਪੁਰ, ਸੰਤ ਗਿਆਨ ਪ੍ਰਕਾਸ਼, ਸੰਤ ਵੇਦ ਪ੍ਰਕਾਸ਼ ਢੁੱਡੀ, ਸੰਤ ਰਵਿੰਦਰ ਮੁਨੀ ਫੇਰੂਮਾਨ, ਸੰਤ ਬਲਵੰਤ ਮੁਨੀ ਤੁੰਗਵਾਲੀ, ਸੰਤ ਭਗਵਾਨ ਦਾਸ ਤਪਾ, ਸੰਤ ਰਾਮ ਸ਼ਰਨ ਦਾਸ ਮੰਡੀ ਗੋਬਿੰਦਗੜ੍ਹ, ਸੰਤ ਸੋਹਣ ਦਾਸ ਰਾਜਸਥਾਨ, ਸੰਤ ਸੁਖਦੇਵ ਦਾਸ ਮਾਜਰੀ, ਸੰਤ ਧਰਮ ਮੁਨੀ ਅਲਾਲ, ਸੰਤ ਰੁੜਕੀ ਦਾਸ ਬੀਰ ਕਲਾਂ, ਸੰਤ ਅਵਤਾਰ ਦਾਸ ਅਲੀਸ਼ੇਰ, ਸੰਤ ਗੋਪਾਲ ਦਾਸ ਅੰਮ੍ਰਿਤਸਰ, ਸੰਤ ਕਮਲ ਦਾਸ ਜੈਤੋ, ਸੰਤ ਸਾਧੂ ਰਾਮ ਪਟਿਆਲਾ, ਸੰਤ ਸੱਤਪ੍ਰਕਾਸ਼ ਧੂੜਕੋਟ, ਸੰਤ ਦਰਸ਼ਨ ਦਾਸ ਡੱਬਵਾਲੀ, ਸੰਤ ਗੋਪਾਲ ਦਾਸ ਕਿਆਲੇ ਬਾਂਦਰ, ਸੰਤ ਲਖਵਿੰਦਰ ਦਾਸ ਤੁੰਗਵਾਲੀ, ਸੰਤ ਕਲਿਆਣ ਦਾਸ ਗਿੱਲ ਪੱਤੀ, ਸੰਤ ਬਲਜੀਤ ਦਾਸ ਗੁਰੂਸਰ, ਸੰਤ ਬਲਵਿੰਦਰ ਦਾਸ ਅਲਬੇਲਾ, ਸੰਤ ਪਰਸ਼ੋਤਮ ਦਾਸ ਖਿਜਰੀ ਵਾਲਾ, ਸੰਤ ਗੋਪੀ ਦਾਸ ਗਹਿਰੀ ਬੁੱਟਰ, ਸੰਤ ਮਨਸ਼ਾ ਦਾਸ ਅਤੇ ਹੋਰ ਸੰਤ ਮਹਾਂਪੁਰਸ਼ ਹਾਜ਼ਰ ਸਨ।

ਫਗਵਾੜਾ 'ਚ ਈ-ਰਿਕਸ਼ਾ ਚਾਲਕ ਦੀ ਗੋਲੀ ਮਾਰ ਕੇ ਹੱਤਿਆ

ਫਗਵਾੜਾ, 28 ਅਕਤੂਬਰ (ਹਰਜੋਤ ਸਿੰਘ ਚਾਨਾ)-ਛੱਠ ਪੂਜਾ ਦੀ ਰਾਤ ਫਗਵਾੜਾ 'ਚ ਅੱਧੀ ਰਾਤ ਨੂੰ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਅਣਪਛਾਤੇ ਹਮਲਾਵਰਾਂ ਨੇ ਬਾਬਾ ਗਧੀਆ ਦੇ ਇਲਾਕੇ 'ਚ ਸਥਿਤ ਸੁਵਿਧਾ ਕੇਂਦਰ ਦੇ ਨੇੜੇ ਅੱਧੀ ਰਾਤ ਨੂੰ ਈ-ਰਿਕਸ਼ਾ ਚਾਲਕ ਨੂੰ ਗੋਲੀ ਮਾਰ ਦਿੱਤੀ ਜਿਸ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਤੇ ਇਲਾਜ ਦੌਰਾਨ ਉਸਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਪਹਿਚਾਣ ਕੁਲਦੀਪ ਧਨਵਾਰ (32) ਵਜੋਂ ਹੋਈ ਹੈ, ਜੋ ਜ਼ਿਲ੍ਹਾ ਗੁਮਲਾ ਝਾਰਖੰਡ ਦਾ ਰਹਿਣ ਵਾਲਾ ਹੈ ਤੇ ਇਸ ਸਮੇਂ ਸੁਖਚੈਨ ਨਗਰ ਵਿਖੇ ਰਹਿੰਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਰਾਤ ਸਵਾਰੀ ਨੂੰ ਛੱਡ ਕੇ ਘਰ ਵਾਪਸ ਆ ਰਿਹਾ ਸੀ ਜਦੋਂ ਉਸ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਚਲਾਈ। ਪੁਲਿਸ ਸੂਤਰਾਂ ਅਨੁਸਾਰ ਇਹ ਘਟਨਾ ਰਾਤ 12 ਵਜੇ ਤੋਂ ਬਾਅਦ ਵਾਪਰੀ। ਮ੍ਰਿਤਕ ਦੀ ਪਤਨੀ ਰੂਪਾ ਧਨਵਾਰ ਨੇ ਦੱਸਿਆ ਕਿ ਅੱਧੀ ਰਾਤ ਨੂੰ ਉਸ ਦੇ ਪਤੀ ਦਾ ਉਸ ਨੂੰ ਫ਼ੋਨ ਆਇਆ ਸੀ ਤੇ ਉਸ ਨੇ ਖ਼ੁਦ ਸੂਚਨਾ ਦਿੱਤੀ ਸੀ ਕਿ ਉਸ ਦੇ ਗੋਲੀ ਲੱਗੀ ਹੈ। ਉਹ ਮੌਕੇ 'ਤੇ ਪੁੱਜੇ ਤੇ ਉਸ ਨੂੰ ਸਿਵਲ ਹਸਪਤਾਲ ਫਗਵਾੜਾ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਐਸ.ਐਚ.ਓ. ਸਿਟੀ ਊਸ਼ਾ ਰਾਣੀ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਵਿਚ ਹੁਣ ਤੱਕ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਆਈ ਰਿਕਾਰਡ ਕਮੀ-ਮੁੱਖ ਮੰਤਰੀ

● ਯੋਜਨਾਬੱਧ ਸਾਜਿਸ਼ ਤਹਿਤ ਪੰਜਾਬ ਨੂੰ ਬਦਨਾਮ ਕਰਦੀ ਹੈ ਭਾਜਪਾ ● ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਅਪਣਾਉਣ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ

ਚੰਡੀਗੜ੍ਹ, 28 ਅਕਤੂਬਰ (ਅਜੀਤ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਕਈ ਸਿਆਸੀ ਪਾਰਟੀਆਂ ਭਾਰਤੀ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ (ਸਪੈਸ਼ਲ ਇੰਟੈਂਸਿਵ ਰਿਵੀਜ਼ਨ) ਦੀ ਪ੍ਰਕਿਰਿਆ 'ਤੇ ਇਤਰਾਜ਼ ਉਠਾ ਰਹੀਆਂ ਹਨ, ਜਿਸ ਕਰਕੇ ਸੰਵਿਧਾਨਕ ਸੰਸਥਾ ਵਲੋਂ ਇਸ ਮੁੱਦੇ 'ਤੇ ਉਲਝੀ ਤਾਣੀ ਵਾਲੀ ਸਥਿਤੀ ਨੂੰ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਚੋਣ ਕਮਿਸ਼ਨ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ, ਖਾਸ ਕਰਕੇ ਐਸ.ਆਈ.ਆਰ. ਤੋਂ ਅਜਿਹਾ ਨਹੀਂ ਲੱਗਣਾ ਚਾਹੀਦਾ ਕਿ ਉਹ ਵੋਟ ਚੋਰੀ ਦੇ ਉਦੇਸ਼ ਨਾਲ ਲੋਕਤੰਤਰ ਦੀ ਆਵਾਜ਼ ਨੂੰ ਦਬਾ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਮੂਕ ਦਰਸ਼ਕ ਬਣਨ ਦੀ ਬਜਾਏ ਵਿਰੋਧੀ ਧਿਰ ਦੇ ਇਤਰਾਜ਼ਾਂ ਵੱਲ ਧਿਆਨ ਦੇ ਕੇ ਇਨ੍ਹਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਫਰਜ਼ ਬਣਦਾ ਹੈ ਕਿ ਉਹ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਉਠਾਏ ਜਾ ਰਹੇ ਸਾਰੇ ਮੁੱਦਿਆਂ ਦਾ ਜਵਾਬ ਦੇਵੇ। ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਰਾਜਧਾਨੀ ਵਿਚ ਪ੍ਰਦੂਸ਼ਣ ਲਈ ਪੰਜਾਬ ਨੂੰ ਪਰਾਲੀ ਸਾੜਨ ਦੇ ਨਾਂਅ 'ਤੇ ਯੋਜਨਾਬੱਧ ਸਾਜਿਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ, ਜਦੋਂਕਿ ਸਚਾਈ ਇਸ ਤੋਂ ਬਿਲਕੁਲ ਵੱਖਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਨਾਜ ਮੰਡੀਆਂ ਵਿਚ ਅਜੇ ਲਗਭਗ 90 ਲੱਖ ਮੀਟਰਕ ਟਨ (ਐਲ.ਐਮ.ਟੀ.) ਫਸਲ ਆਉਣੀ ਹੈ, ਜਿਸ ਕਰਕੇ ਸੂਬੇ ਵਿਚ ਪਰਾਲੀ ਸਾੜਨ ਦਾ ਕੋਈ ਸਵਾਲ ਨਹੀਂ ਉੱਠਦਾ। ਮੁੱਖ ਮੰਤਰੀ ਨੇ ਆਗੂਆਂ ਨੂੰ ਸਪੱਸ਼ਟ ਤੌਰ 'ਤੇ ਪੁੱਛਿਆ ਕਿ ਦਿੱਲੀ ਦਾ ਏ.ਕਿਊ.ਆਈ. ਇੰਨੀ ਦਿਨੀਂ ਏਨਾ ਮਾੜਾ ਕਿਉਂ ਹੈ ਜਦੋਂ ਕਿ ਪੰਜਾਬ ਵਿਚ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਨਹੀਂ ਆਏ ਹਨ। ਮੁੱਖ ਮੰਤਰੀ ਨੇ ਪੰਜਾਬ 'ਚ ਆਏ ਹੜ੍ਹਾਂ ਕਾਰਨ ਬਣੀ ਗੰਭੀਰ ਸਥਿਤੀ ਦੀ ਘੜੀ ਵਿਚ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲਈ ਕੇਂਦਰ ਸਰਕਾਰ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਹੜ੍ਹ ਰਾਹਤ ਲਈ ਪ੍ਰਧਾਨ ਮੰਤਰੀ ਵਲੋਂ ਐਲਾਨੇ ਗਏ 1600 ਕਰੋੜ ਰੁਪਏ ਅਜੇ ਤੱਕ ਪ੍ਰਾਪਤ ਨਹੀਂ ਹੋਏ ਤੇ ਪੰਜਾਬ ਦੀ ਸਥਿਤੀ ਨੂੰ ਹੋਰ ਖਰਾਬ ਕਰਨ ਲਈ ਕੇਂਦਰ ਸਰਕਾਰ ਇਸ ਮੁਆਵਜ਼ੇ ਵਿਚੋਂ ਵੀ ਚੱਲ ਰਹੀਆਂ ਹੋਰ ਯੋਜਨਾਵਾਂ ਦੇ ਫੰਡਾਂ ਨੂੰ ਐਡਜਸਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

● ਯੂਨੀਅਨ ਦੇ ਆਗੂ ਤੇ ਮੁਲਾਜ਼ਮ ਧਰਨੇ ਦੌਰਾਨ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਸੇਵਕ ਸਿੰਘ

ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਠੇਕਾ ਕਾਮਿਆਂ ਨੇ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਦਿੱਤਾ ਸੂਬਾ ਪੱਧਰੀ ਧਰਨਾ

ਲੁਧਿਆਣਾ, 28 ਅਕਤੂਬਰ (ਜਤਿੰਦਰ ਭੰਬੀ)-ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਵਲੋਂ ਆਪਣੇ ਪਰਿਵਾਰਾਂ ਸਮੇਤ ਬਿਜਲੀ ਮੰਤਰੀ ਦੀ ਰਿਹਾਇਸ਼ ਦੇ ਅੱਗੇ ਆਊਟਸੋਰਸਡ ਠੇਕਾ ਕਾਮਿਆਂ ਨੇ ਸੂਬਾ ਪੱਧਰੀ ਧਰਨਾ ਦਿੱਤਾ। ਸੂਬਾ ਪ੍ਰਧਾਨ ਬਲਿਹਾਰ ਸਿੰਘ, ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ, ਸੂਬਾ ਸਹਾਇਕ ਸਕੱਤਰ ਟੇਕ ਚੰਦ, ਸੂਬਾ ਦਫ਼ਤਰੀ ਸਕੱਤਰ ਸ਼ੇਰ ਸਿੰਘ, ਪ੍ਰੈੱਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵਲੋਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦੀਆਂ ਤਿਆਰੀਆਂ ਤੇਜ਼ ਕਰਨ ਦੇ ਫ਼ੈਸਲੇ ਦੀ ਨਿੰਦਾ ਕੀਤੀ। ਉਨ੍ਹਾਂ ਕੇਂਦਰ ਸਰਕਾਰ ਵਲੋਂ 2025 ਬਿਜਲੀ ਸੋਧ ਬਿਲ ਖਰੜੇ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਠੇਕੇਦਾਰ ਕੰਪਨੀਆਂ ਨੂੰ ਬਾਹਰ ਕੱਢ ਸਮੂਹ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿਚ ਸ਼ਾਮਿਲ ਕਰਨ ਸਮੇਤ ਘੱਟੋ ਘੱਟ 1948 ਐਕਟ ਮੁਤਾਬਿਕ ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਤਨਖ਼ਾਹ ਜਾਰੀ ਕਰਨ ਅਤੇ ਬਿਜਲੀ ਮਹਿਕਮੇ ਵਿਚੋਂ ਖਤਮ ਕੀਤੀਆਂ ਪੋਸਟਾਂ ਨੂੰ ਮੁੜ ਭਰਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮਿਆਂ ਦੇ ਵਾਰਸਾਂ ਨੂੰ ਪੱਕੀ ਨੌਕਰੀ ਅਤੇ ਯੋਗ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਨਿੱਜੀਕਰਨ ਦੀ ਨੀਤੀ 2003 ਸਮੇਤ ਲਿਆਂਦੇ ਜਾ ਰਹੇ 2025 ਦੇ ਖਰੜੇ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਝੂਠੇ ਕੇਸ ਰੱਦ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਾਮਿਆਂ ਨੂੰ ਨੌਕਰੀ 'ਤੇ ਬਹਾਲ ਕੀਤਾ ਜਾਵੇ।

ਜਲੰਧਰ ਸਰਾਫ਼ਾ ਐਸੋਸੀਏਸ਼ਨ

ਮੰਗਲਵਾਰ 28/10/2025

ਸੋਨਾ (22 ਕੈਰੇਟ)	114,860
ਸੋਨਾ (22 ਕੈਰੇਟ ਪੁਰਾਣਾ)	111,150
ਚਾਂਦੀ	149,000
ਸੋਨਾ (23 ਕੈਰੇਟ)	120,410
ਸੋਨਾ (23 ਕੈਰੇਟ ਪੁਰਾਣਾ)	116,090
ਸੋਨਾ (24 ਕੈਰੇਟ)	123,500

ਆਂਡਿਆਂ ਦਾ ਭਾਅ — ਪੰਜਾਬ

ਪ੍ਰਤੀ ਸੈਂਕੜਾ 600/- ਰੁਪਏ

ਕਾਟਨ ਰੇਟ — ਤਪਾ ਮੰਡੀ

ਨਰਮਾ (ਪ੍ਰਤੀ ਕੁਇੰਟਲ) 6600-78,860/-
ਕਾਟਨ (ਪ੍ਰਤੀ ਮਣ) 5550/-
ਕਾਟਨ ਸੀਡ (ਬਿਨੌਲਾ) (ਪ੍ਰਤੀ ਕੁਇੰਟਲ) 4350-4400/-
ਖਲ ਸਰ੍ਹੋਂ (ਪ੍ਰਤੀ ਕੁਇੰਟਲ) 3600/-
ਖਲ ਬਿਨੌਲਾ (ਪ੍ਰਤੀ ਕੁਇੰਟਲ) 4080/- —ਕ੍ਰਿਸ਼ਨ ਸਿੰਗਲਾ

ਰਾਈਸ ਬ੍ਰਾਨ

ਤਪਾ ਮੰਡੀ (ਬਰਨਾਲਾ) 174-177/- (ਪ੍ਰਤੀ ਪੁਆਇੰਟ) — ਅਮੋਲ ਸਿੰਗਲਾ

ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਦੇ ਮਾਮਲੇ 'ਚ ਸਿੱਖਿਆ ਬੋਰਡ ਦੇ ਚੇਅਰਮੈਨ ਵਲੋਂ ਸੁਪਰਡੈਂਟ ਮੁਅੱਤਲ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 'ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ' ਨੂੰ ਅੱਗੇ ਤੋਰਦੇ ਹੋਏ ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਦੇ ਮਾਮਲੇ ਵਿਚ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਵਲੋਂ ਹਰਮਨਦੀਪ ਸਿੰਘ ਸੀਨੀਅਰ ਸਹਾਇਕ ਵੈਰੀਫਿਕੇਸ਼ਨ ਸ਼ਾਖਾ (ਹੁਣ ਸੁਪਰਡੈਂਟ) ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬੋਰਡ ਦੇ ਚੇਅਰਮੈਨ ਵਲੋਂ ਜਾਰੀ ਆਦੇਸ਼ਾਂ ਅਨੁਸਾਰ ਪੰਜਾਬ ਫਾਰਮੇਸੀ ਕੌਂਸਲ ਮੈਡੀਕਲ ਸਿੱਖਿਆ ਭਵਨ ਸੈਕਟਰ-69 ਮੁਹਾਲੀ ਵਲੋਂ ਪ੍ਰਾਪਤ ਹੋਏ ਜਾਅਲੀ ਸਰਟੀਫ਼ਿਕੇਟਾਂ ਦੀ ਸਹੀ ਵੈਰੀਫਿਕੇਸ਼ਨ ਰਿਪੋਰਟ ਭੇਜਣ ਸੰਬੰਧੀ ਮਾਮਲੇ ਵਿਚ ਸੰਯੁਕਤ ਸਕੱਤਰ (ਜ) ਕੋਲੋਂ ਫੈਕਟ ਫਾਈਂਡਿੰਗ ਪੜਤਾਲ ਕਰਵਾਈ ਗਈ ਸੀ, ਜਿਸਦੀ ਰਿਪੋਰਟ ਤੇ ਰਿਕਾਰਡ ਅਨੁਸਾਰ ਪੰਜਾਬ ਫਾਰਮੇਸੀ ਕੌਂਸਲ ਵਲੋਂ ਵੈਰੀਫਿਕੇਸ਼ਨ ਲਈ ਭੇਜੇ ਗਏ ਸਰਟੀਫ਼ਿਕੇਟਾਂ ਨੂੰ ਸਿੰਗਲ ਵਿੰਡੋ ਤੋਂ ਡਾਇਰੀ ਨੰ. 3359 ਮਿਤੀ 13 ਜੁਲਾਈ 2023 ਰਾਹੀਂ ਰਣਜੀਤ ਸਿੰਘ ਹੈਲਪਰ ਵਲੋਂ ਦਸਤੀ ਪ੍ਰਾਪਤ ਕੀਤਾ ਗਿਆ ਸੀ ਤੇ ਡਾਇਰੀ ਨੰ. 3897 ਮਿਤੀ 4 ਅਗਸਤ 2023 ਰਾਹੀਂ ਰਾਜਿੰਦਰ ਸਿੰਘ ਹੈਲਪਰ ਵਲੋਂ ਦਸਤੀ ਪ੍ਰਾਪਤ ਕੀਤਾ ਗਿਆ ਸੀ। ਇਹ ਦੋਵੇਂ ਕੇਸ ਵੈਰੀਫਿਕੇਸ਼ਨ ਸ਼ਾਖਾ ਦੀ ਸੀਨੀਅਰ ਸਹਾਇਕ ਜਗਵੀਰ ਕੌਰ ਵਲੋਂ ਡੀਲ ਕੀਤੇ ਜਾਣੇ ਸਨ, ਪ੍ਰੰਤੂ ਸੰਬੰਧਿਤ ਕਰਮਚਾਰਨ 14 ਜੂਨ 2023 ਤੋਂ 7 ਸਤੰਬਰ 2023 ਤੱਕ ਵਿਦ